Starting Blocks

# ਬਾਲ ਸੰਭਾਲ ਵਾਸਤੇ ਤਿਆਰੀ ਕਰਨਾ

ਬਹੁਤ ਸਾਰੇ ਪਰਿਵਾਰ ਹਨ ਜੋ ਆਪਣੇ ਬੱਚੇ ਵਾਸਤੇ ਗੁਣਵਤਾ ਭਰਪੂਰ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਦੀ ਤਲਾਸ਼ ਕਰਦੇ ਹਨ ਜਿਵੇਂ ਕਿ ਬਾਲ ਸੰਭਾਲ, ਪ੍ਰੀ-ਸਕੂਲ ਜਾਂ ਘਰ ਵਿੱਚ ਸੰਭਾਲ। ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਤੁਹਾਨੂੰ, ਤੁਹਾਡੇ ਅਤੇ ਤੁਹਾਡੇ ਬੱਚੇ ਲਈ ਯੋਗ ਵਿਕਲਪਾਂ ਬਾਰੇ ਸੋਚਣਾ ਇਕ ਚੰਗਾ ਵਿਚਾਰ ਹੈ। ਜਿੰਨ੍ਹਾਂ ਚੀਜ਼ਾਂ ਬਾਰੇ ਸੋਚਣਾ ਸ਼ੁਰੂ ਕਰਨਾ ਹੈ, ਉਹਨਾਂ ਵਿੱਚ ਸ਼ਾਮਲ ਹਨ: ਤੁਸੀਂ ਕਦੋਂ ਆਪਣੇ ਬੱਚੇ ਵਾਸਤੇ ਇਸਦੀ ਵਰਤੋਂ ਕਰਨੀ ਚਾਹੁੰਦੇ ਹੋ, ਤੁਹਾਡੇ ਵਾਸਤੇ ਕੀ ਵਿਕਲਪ ਉਪਲਬਧ ਹਨ, ਤੁਸੀਂ ਉਨ੍ਹਾਂ ਸੇਵਾਵਾਂ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ, ਅਤੇ ਜਦ ਤੁਹਾਡਾ ਬੱਚਾ ਇਹ ਸੇਵਾਵਾਂ ਆਰੰਭ ਕਰੇ ਤਾਂ ਤੁਸੀਂ ਕੀ ਉਮੀਦ ਕਰ ਸਕਦੇ ਹੋ।

## ਮੇਰੇ ਬੱਚੇ ਨੂੰ ਕਦੋਂ ਆਰੰਭ ਕਰਨਾਂ ਚਾਹੀਦਾ ਹੈ?

ਆਰੰਭ ਕਰਨ ਵਾਸਤੇ ਕੋਈ ਆਦਰਸ਼ਕ ਸਮਾਂ ਨਹੀਂ ਹੁੰਦਾ ਪ੍ਰੰਤੂ ਜਿੰਨਾ ਜਲਦੀ ਤੁਸੀਂ ਤਿਆਰੀ ਕਰਨੀ ਸ਼ੁਰੂ ਕਰਦੇ ਹੋ, ਓਨਾ ਹੀ ਬਿਹਤਰ ਹੁੰਦਾ ਹੈ। ਹਾਲੀਆ ਖੋਜ ਸਾਨੂੰ ਦੱਸਦੀ ਹੈ ਕਿ ਬੱਚੇ ਦੀ ਆਰੰਭਿਕ ਸਿੱਖਿਆ ਅਤੇ ਸੰਭਾਲ ਦੀ ਗੁਣਵਤਾ ਉਸਦੀ ਉਮਰ ਨਾਲੋਂ ਵਧੇਰੇ ਮਹੱਤਵਪੂਰਨ ਹੈ ਜਦ ਉਹ ਸ਼ੁਰੂਆਤ ਕਰਦੇ ਹਨ ਜਾਂ ਸਮੇਂ ਦੀ ਉਸ ਮਾਤਰਾ ਨਾਲੋਂ ਵਧੇਰੇ ਮਹੱਤਵਪੂਰਨ ਹੈ ਜੋ ਉਹ ਓਥੇ ਖ਼ਰਚ ਕਰਦੇ ਹਨ।

ਅਧਿਕਤਰ ਸੇਵਾਵਾਂ ਦੀ ਇਕ ਉਡੀਕ ਸੂਚੀ ਹੁੰਦੀ ਹੈ, ਅਤੇ ਤੁਹਾਡੇ ਬੱਚੇ ਦਾ ਨਾਮ ਇਕ ਤੋਂ ਵਧੇਰੇ ਸਥਾਨਾਂ ਤੇ ਦਰਜ ਕਰਵਾਉਣਾ ਚੰਗਾ ਰਹਿੰਦਾ ਹੈ ਤਾਂ ਜੋ ਅਜਿਹੀ ਸੇਵਾ ਲੱਭਣ ਦੇ ਤੁਹਾਡੇ ਮੌਕਿਆਂ ਨੂੰ ਬਿਹਤਰ ਕੀਤਾ ਜਾ ਸਕੇ ਜਿਸ ਨਾਲ ਤੁਸੀਂ ਖੁਸ਼ ਹੋਵੋ।

ਇਹ ਵੀ ਮਹੱਤਵਪੂਰਨ ਹੈ ਕਿ ਇਕ ਵਾਰ ਜਦੋਂ ਤੁਹਾਨੂੰ ਕੋਈ ਸਥਾਨ ਲੱਭ ਜਾਂਦਾ ਹੈ ਤਾਂ ਤੁਸੀਂ ਆਪਣੇ ਨਾਮ ਨੂੰ ਹੋਰ ਉਡੀਕ ਸੂਚੀਆਂ ਤੋਂ ਕਟਵਾ ਦਿਓ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਡੀਕ ਸੂਚੀਆਂ ਨੂੰ ਹੋਰਨਾਂ ਪਰਿਵਾਰਾਂ ਵਾਸਤੇ ਅਪ ਟੂ ਡੇਟ ਰੱਖਿਆ ਜਾ ਸਕੇ ।



## ਕਿਹੜੇ ਵਿਕਲਪ ਉਪਲਬਧ ਹਨ?

ਕਈ ਸਾਰੇ ਵਿਕਲਪ ਉਪਲਬਧ ਹਨ, ਜਿਸ ਵਿੱਚ ਸ਼ਾਮਲ ਹੈ ਪਰਿਵਾਰਕ ਦੈਨਿਕ ਸੰਭਾਲ (family day care), ਲੰਬੀ ਦੈਨਿਕ ਸੰਭਾਲ (long day care) ਅਤੇ ਸਕੂਲ ਦੇ ਸਮੇਂ ਤੋਂ ਅੱਗੇ-ਪਿੱਛੇ ਦੀ ਸੰਭਾਲ (outside school hours care)।

ਕਈ ਪਰਿਵਾਰ ਇਹ ਦੇਖਦੇ ਹਨ ਕਿ ਉਹਨਾਂ ਦੇ ਬੱਚੇ ਦੀਆਂ ਸਿੱਖਿਆ ਅਤੇ ਸੰਭਾਲ ਦੀਆਂ ਲੋੜਾਂ ਸਮਾਂ ਪਾਕੇ ਬਦਲ ਜਾਂਦੀਆਂ ਹਨ, ਅਤੇ ਹੋ ਸਕਦਾ ਹੈ ਉਹ ਇੱਕੋ ਸਮੇਂ, ਜਾਂ ਇਕ ਤੋਂ ਬਾਦ ਇਕ, ਦੋ ਜਾਂ ਵਧੇਰੇ ਵਿਭਿੰਨ ਸੇਵਾਵਾਂ ਦੀਆਂ ਕਿਸਮਾਂ ਦੀ ਵਰਤੋਂ ਕਰਨ। ਉਦਾਹਰਨ ਲਈ, ਇਕ ਪਰਿਵਾਰ ਆਪਣੇ ਬਾਲ ਨੂੰ ਕਿਸੇ ਪਰਿਵਾਰਕ ਦੈਨਿਕ ਸੰਭਾਲ ਸੇਵਾ ਵਿੱਚ ਪਾਉਣ ਦੀ ਚੋਣ ਕਰ ਸਕਦਾ ਹੈ, ਪਰ ਉਸਦੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਵਾਲੇ ਸਾਲ ਵਿੱਚ ਉਸਨੂੰ ਲੰਬੀ ਦੈਨਿਕ ਸੰਭਾਲ ਵਿੱਚ ਤਬਦੀਲ ਕਰ ਸਕਦਾ ਹੈ ਤਾਂ ਜੋ ਉਹ ਬੱਚਿਆਂ ਦੇ ਵਡੇਰੇ ਗਰੁੱਪ ਵਿੱਚ ਘੁਲ-ਮਿਲ ਸਕੇ।

- ਪਰਿਵਾਰਕ ਦੈਨਿਕ ਸੰਭਾਲ ਜਨਮ ਤੋਂ ਲੈਕੇ 12 ਸਾਲਾਂ ਦੀ ਉਮਰ ਦੇ ਬੱਚਿਆਂ ਨੂੰ ਕਿਸੇ ਰਜਿਸਟਰਡ ਐਜੂਕੇਟਰ ਦੇ ਪਰਿਵਾਰਕ ਘਰ ਵਿੱਚ ਛੋਟੇ ਗਰੁੱਪਾਂ ਵਿੱਚ ਸੰਭਾਲ ਪ੍ਰਦਾਨ ਕਰਦੀ ਹੈ।
- ਲੰਬੀ ਦੈਨਿਕ ਸੰਭਾਲ ਜਨਮ ਤੋਂ ਲੈਕੇ 5 ਸਾਲਾਂ ਦੀ ਉਮਰ ਦੇ ਬੱਚਿਆਂ ਵਾਸਤੇ ਇਕ ਕੇਂਦਰ ਆਧਾਰਿਤ ਵਾਤਾਵਰਣ ਵਿੱਚ ਸੰਭਾਲ ਪ੍ਰਦਾਨ ਕਰਦੀ ਹੈ।
- ਸਕੂਲ ਦੇ ਸਮੇਂ ਤੋਂ ਅੱਗੇ-ਪਿੱਛੇ ਦੀ ਸੰਭਾਲ (Outside School Hours Care) ਸਕੂਲੀ ਉਮਰ ਦੇ ਬੱਚਿਆਂ ਵਾਸਤੇ ਸਕੂਲ ਤੋਂ ਪਹਿਲਾਂ ਅਤੇ/ਜਾਂ ਬਾਦ ਅਤੇ/ਜਾਂ ਸਕੂਲ ਦੀਆਂ ਛੁੱਟੀਆਂ ਦੌਰਾਨ (ਛੁਟੀਆਂ ਦੀ ਸੰਭਾਲ ਪ੍ਰਦਾਨ ਕਰਦੀ ਹੈ)।



ਹੋਰ ਵਿਕਲਪਾਂ ਵਿੱਚ ਸ਼ਾਮਲ ਹਨ ਕਦੇ ਕਦਾਈਂ ਦੀਆਂ ਬਾਲ ਸੰਭਾਲ, ਸੇਵਾਵਾਂ, ਜਾਂ ਪਰਿਵਾਰ ਜਾਂ ਦੋਸਤਾਂ, ਬੇਬੀਸਿਟਰ ਅਤੇ ਨੈਨੀਆਂ ਵੱਲੋਂ ਪ੍ਰਦਾਨ ਕੀਤੀ ਸੰਭਾਲ। ਲੇਕਿਨ ਪ੍ਰਦਾਨ ਕੀਤੇ ਇਹ ਵਿਕਲਪ ਨੈਸ਼ਨਲ ਕਵਾਲਿਟੀ ਫਰੇਮਵਰਕ (National Quality Framework) ਵੱਲੋਂ ਨਿਯੰਤ੍ਰਿਤ ਨਹੀਂ ਕੀਤੇ ਗਏ ਹਨ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕਈ ਸੇਵਾਵਾਂ ਨਾਂ-ਵਾਪਸੀਯੋਗ ਉਡੀਕ ਸੂਚੀ ਦੀ ਪ੍ਰਸ਼ਾਸ਼ਨ ਫੀਸ ਲੈਂਦੀਆਂ ਹਨ। ਜੇ ਇਹਨਾਂ ਫੀਸਾਂ ਬਾਰੇ ਤੁਹਾਡੇ ਕੋਈ ਸ਼ੰਕੇ ਹਨ, ਤਾਂ ਤੁਹਾਨੂੰ ਆਪਣੇ ਪ੍ਰਾਂਤ ਜਾਂ ਖਿੱਤੇ ਵਿੱਚ ਆਫਿਸ ਆਫ ਫੇਅਰ ਟਰੇਡਿੰਗ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਮੈਂ ਕਿਸੇ ਉਚਿਤ ਸੇਵਾ ਨੂੰ ਕਿਵੇਂ ਲੱਭ ਸਕਦਾ/ਦੀ ਹਾਂ?

ਆਸਟਰੇਲੀਆ ਵਿੱਚ ਗੁਣਵਤਾ ਭਰਪੂਰ ਮਨਜ਼ੂਰਸ਼ੁਦਾ ਆਰੰਭਿਕ ਸਿੱਖਿਆ ਅਤੇ ਸੰਭਾਲ ਲੱਭਣ ਲਈ www.startingblocks.gov.au/findchildcare ਦੇਖੋ।

ਤੁਹਾਡੇ ਦੋਸਤ ਅਤੇ ਪਰਿਵਾਰਕ ਮੈਂਬਰ ਵੀ ਜਾਣਕਾਰੀ ਦਾ ਵਧੀਆ ਸਰੋਤ ਹੋ ਸਕਦੇ ਹਨ। ਇਹ ਪਤਾ ਕਰਨਾ ਲਾਭਦਾਇਕ ਹੋ ਸਕਦਾ ਹੈ ਕਿ ਬਾਕੀ ਲੋਕ ਉਹਨਾਂ ਵੱਲੋਂ ਵਰਤੀਆਂ ਜਾਂਦੀਆਂ ਸੇਵਾਵਾਂ ਬਾਰੇ ਕੀ ਸੋਚਦੇ ਹਨ, ਇਸ ਲਈ ਆਪਣੇ ਆਸ-ਪਾਸ ਦੇ ਲੋਕਾਂ ਨੂੰ ਪੁੱਛਣ ਤੋਂ ਡਰੋ ਨਾ। ਹੋਰ ਤਰੀਕੇ ਜਿੰਨ੍ਹਾਂ ਰਾਹੀਂ ਤੁਸੀਂ ਸੇਵਾਵਾਂ ਬਾਰੇ ਪਤਾ ਕਰ ਸਕਦੇ ਹੋ:

- ਤੁਹਾਡਾ ਸਥਾਨਕ ਕਾਰੋਬਾਰ ਜਾਂ ਟੈਲੀਫੋਨ ਡਾਇਰੈਕਟਰੀ
- ਸਥਾਨਕ ਕੌਂਸਲ ਦੀਆਂ ਸੂਚੀਆਂ
- ਵਰਗੀਕ੍ਰਿਤ ਇਸ਼ਤਿਹਾਰ
- ਸਕੂਲਾਂ ਅਤੇ ਖਰੀਦਦਾਰੀ ਕੇਂਦਰਾਂ ਵਿੱਚ ਜਨਤਕ ਨੋਟਿਸ-ਬੋਰਡ
- ਕਾਰਜ/ਅਧਿਐਨ ਵਾਲੇ ਸਾਥੀ
- ਤੁਹਾਡਾ ਰੁਜ਼ਗਾਰਦਾਤਾ ਜਾਂ ਸਿੱਖਿਆ ਸੰਸਥਾ

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਵਧੀਆ ਗੁਣਵਤਾ ਦੀ ਹੈ?

ਇਕ ਗੁਣਵਤਾ ਭਰਪੂਰ ਸੇਵਾ ਉਹ ਹੁੰਦੀ ਹੈ ਜੋ:

- ਇਹ ਯਕੀਨੀ ਬਣਾਉਣ ਲਈ ਤੁਹਾਡੇ ਨਾਲ ਕਾਰਜ ਕਰਦੀ ਹੈ ਕਿ ਤੁਹਾਡਾ ਬੱਚਾ ਸਲਾਮਤ, ਖੁਸ਼ ਅਤੇ ਸੁਰੱਖਿਅਤ ਹੈ; ਅਤੇ ਜੋ ਤੁਹਾਨੂੰ ਬਾਲ ਸੰਭਾਲ ਦੀ ਵਰਤੋਂ ਕਰਨ ਬਾਰੇ ਕੀਤੇ ਫੈਸਲੇ ਬਾਰੇ ਵਿਸ਼ਵਾਸ ਭਰਪੂਰ ਮਹਿਸੂਸ ਕਰਵਾਉਂਦੀ ਹੈ।
- ਇਕ ਸਿੱਖਣ ਦਾ ਵਾਤਾਵਰਣ ਪ੍ਰਦਾਨ ਕਰਾਉਂਦੀ ਹੈ ਜੋ ਕਰਮਚਾਰੀ ਦੁਆਰਾ ਧਿਆਨਪੂਰਵਕ ਮਾਰਗ-ਦਰਸ਼ਨ ਅਤੇ ਰੋਲ ਮਾਡਲਿੰਗ ਬੱਚਿਆਂ ਨੂੰ ਸਮਰੱਥ, ਸੁਤੰਤਰ ਬਣਨ ਵਿੱਚ ਅਤੇ ਬਹੁਮੁੱਲੇ ਜੀਵਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਨ।
- ਬੱਚਿਆਂ ਦੀਆਂ ਭਾਵਨਾਵਾਂ ਅਤੇ ਦਿਲਚਸਪੀਆਂ ਦਾ ਹੁੰਗਾਰਾ ਭਰਦੀ ਹੈ, ਅਤੇ ਨਾਲ ਹੀ ਬੱਚਿਆਂ ਨੂੰ ਢਾਰਸ ਦਿੰਦੀ ਹੈ ਅਤੇ ਦੋਸਤ ਬਣਾਉਣ ਵਿੱਚ ਅਤੇ ਕਿਰਿਆਵਾਂ ਅਤੇ ਤਜ਼ਰਬਿਆਂ ਵਿੱਚ ਸੰਮਿਲਤ ਹੋਣ ਲਈ ਉਹਨਾਂ ਦੀ ਸਹਾਇਕ ਹੁੰਦੀ ਹੈ।
- ਅਸਰਦਾਰ ਨੀਤੀਆਂ ਅਤੇ ਪ੍ਰਕਿਰਿਆਵਾਂ ਲਾਗੂ ਕਰਦੀ ਹੈ ਸਲੀਵ ਦੀ ਲਾਗ ਦੇ ਖਤਰੇ ਨੂੰ ਘੱਟ ਕਰਨ ਲਈ ਟੀਕਾਕਰਨ ਨੂੰ ਉਤਸ਼ਾਹਤ ਕਰਦੀ ਹੈ ਅਤੇ ਜਦੋਂ ਜ਼ਰੂਰੀ ਹੋਵੇ ਬਿਮਾਰ ਬੱਚਿਆਂ ਨੂੰ ਬਾਲ ਸੰਭਾਲ ਤੋਂ ਅਲਹਿਦਾ ਕਰਦੀ ਹੈ।

## ਜਦ ਮੇਰਾ ਬੱਚਾ ਆਰੰਭ ਕਰਦਾ ਹੈ ਤਾਂ ਕੀ ਵਾਪਰਦਾ ਹੈ?

### + ਦਾਖਲਾ

ਇਕ ਵਾਰ ਜਦ ਕਿਸੇ ਸਥਾਨ ਦੀ ਪੇਸ਼ਕਸ਼ ਕਰ ਦਿੱਤੀ ਜਾਂਦੀ ਹੈ, ਤਾਂ ਸੰਭਾਲ-ਸੇਵਾ ਦਾਖਲੇ ਦੀ ਪ੍ਰਕਿਰਿਆ ਵਿੱਚ ਤੁਹਾਡਾ ਮਾਰਗ-ਦਰਸ਼ਨ ਕਰਦੀ ਹੈ। ਅਸਰਦਾਰ ਦਾਖਲਾ ਪ੍ਰਕਿਰਿਆਵਾਂ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਸ ਸਮੇਂ ਨੂੰ ਪਰਿਵਾਰਾਂ ਅਤੇ ਕਰਮਚਾਰੀਆਂ ਨੂੰ ਤੁਹਾਡੇ ਬੱਚੇ, ਪਰਿਵਾਰ ਅਤੇ ਸੇਵਾ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਵਾਸਤੇ ਵਰਤਿਆ ਜਾਂਦਾ ਹੈ।

ਦਾਖਲਾ ਫਾਰਮ ਉਤੇ ਨਿਮਨ ਜਾਣਕਾਰੀ ਦੀ ਬੇਨਤੀ ਕੀਤੀ ਜਾ ਸਕਦੀ ਹੈ ਜਿਸ ਵਿੱਚ ਨਿਮਨਲਿਖਤ ਸ਼ਾਮਲ ਹੈ:

- ਪਰਿਵਾਰਕ ਸੰਪਰਕ ਵਿਸਥਾਰ ਅਤੇ ਜਾਣਕਾਰੀ।
- ਤੁਹਾਡੇ ਬੱਚੇ ਵਾਸਤੇ ਅਧਿਕਾਰਿਤ ਸੰਪਰਕ ਵਿਸਥਾਰ ਅਤੇ ਪਹੁੰਚ ਬਾਰੇ ਜਾਣਕਾਰੀ। ਇਹ ਸੇਵਾਵਾਂ ਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਉਹਨਾਂ ਨੂੰ ਸੇਵਾ ਕੋਲ ਲੈਕੇ ਜਾਣ ਵਾਸਤੇ ਕੌਣ ਅਧਿਕਾਰਿਤ ਹੈ, ਅਤੇ ਨਾਲ ਹੀ ਜਦੋਂ ਤੁਹਾਡੇ ਨਾਲ ਸੰਪਰਕ ਨਾਂ ਹੋ ਸਕੇ ਤਾਂ ਅਧਿਕਾਰਿਤ ਸੰਕਟਕਾਲ ਵਿੱਚ ਕਿਸ ਨਾਲ ਸੰਪਰਕ ਕਰ ਸਕਦਾ ਹੈ।
- ਤੁਹਾਡੇ ਬੱਚੇ ਬਾਰੇ ਵਿਸ਼ੇਸ਼ ਜਾਣਕਾਰੀ, ਜਿਸ ਵਿੱਚ ਉਸਦੇ ਖਾਣ ਅਤੇ ਸੌਣ ਦੇ ਸਮੇਂ, ਦਿਲਚਸਪੀਆਂ ਅਤੇ ਪਸੰਦਾਂ/ਨਾ-ਪਸੰਦਾਂ, ਬਿਮਾਰੀਆਂ, ਐਲਰਜੀਆਂ, ਡਾਕਟਰੀ ਬਿਮਾਰੀਆਂ, ਅਤੇ ਸਿਹਤ ਸੰਭਾਲ ਪੇਸ਼ੇਵਰ ਦੇ ਸੰਪਰਕ ਵਿਸਥਾਰ ਸ਼ਾਮਲ ਹਨ।



- ਤੁਹਾਡੇ ਬੱਚੇ ਦੇ ਟੀਕਾਕਰਨ ਦਾ ਇਤਿਹਾਸ। ਇਸਨੂੰ ਤੁਹਾਡੇ ਬੱਚੇ ਦੇ ਬਾਲ ਸਿਹਤ ਰਿਕਾਰਡ ਦੀ ਇਕ ਫੋਟੋਕਾਪੀ ਪ੍ਰਦਾਨ ਕੀਤੀ ਜਾ ਸਕਦੀ ਹੈ, ਜਾਂ ਡਿਪਾਰਟਮੈਂਟ ਆਫ ਹਿਊਮਨ ਸਰਵਿਸਜ ਦੀ ਵੈੱਬਸਾਈਟ (www.humanservices.gov.au) 'ਤੇ ਆਸਟਰੇਲੀਅਨ ਚਾਈਲਡਹੁੱਡ ਈਮਿਊਨੀਜੇਸ਼ਨ ਰਜਿਸਟਰ ਤੋਂ ਟੀਕਾਕਰਨ ਦੇ ਇਤਿਹਾਸ ਬਾਰੇ ਸਟੇਟਮੈਂਟ ਪ੍ਰਾਪਤ ਕੀਤੀ ਜਾ ਸਕਦੀ ਹੈ।
- ਤੁਹਾਡੇ ਬੱਚੇ ਦੇ ਜਨਮ ਦਾ ਸਰਟੀਫਿਕੇਟ।

## + ਦਿਸ਼ਾਮਾਨ

ਇਹ ਕਈ ਵਾਰ ਤੁਹਾਡੇ ਅਤੇ ਤੁਹਾਡੇ ਬੱਚੇ ਦੋਨਾਂ ਵਾਸਤੇ ਇਕ ਭਾਵਨਾਤਮਕ ਤਜ਼ਰਬਾ ਹੋ ਸਕਦਾ ਹੈ। ਇਕ ਦਿਸ਼ਾਮਾਨ ਫੇਰੀ (Orientation Visit) ਅਕਸਰ ਤੁਹਾਡੇ ਬੱਚੇ ਦੁਆਰਾ ਸ਼ੁਰੂਆਤ ਕਰਨ ਤੋਂ ਪਹਿਲਾਂ ਵਾਪਰਦੀ ਹੈ, ਅਤੇ ਇਹ ਮਹੱਤਵਪੂਰਨ ਕਦਮ ਹੈ ਕਿਉਂਕਿ ਇਹ ਤੁਹਾਡੇ ਵਾਸਤੇ, ਤੁਹਾਡੇ ਬੱਚੇ ਵਾਸਤੇ ਅਤੇ ਅਮਲੇ ਵਾਸਤੇ ਇਕ ਦੂਜੇ ਨੂੰ ਜਾਣਨ ਲਈ ਸਮਾਂ ਪ੍ਰਦਾਨ ਕਰਦੀ ਹੈ।

ਦਿਸ਼ਾਮਾਨ ਫੇਰੀ ਤੁਹਾਡੇ ਵਾਸਤੇ ਦਾਖਲਾ ਫਾਰਮ, ਤੁਹਾਡੇ ਬੱਚੇ ਦੀਆਂ ਲੋੜਾਂ, ਦਿਲਚਸਪੀਆਂ, ਸ਼ਕਤੀਆਂ, ਸੱਭਿਆਚਾਰ ਬਾਰੇ ਕਰਮਚਾਰੀਆਂ ਨਾਲ ਵਿਚਾਰ-ਵਟਾਂਦਰਾ ਕਰਨ ਵਾਸਤੇ ਬਹੁਮੁੱਲਾ ਸਮਾਂ ਪ੍ਰਦਾਨ ਕਰਦੀ ਹੈ ਜੋ ਤੁਹਾਡੇ ਬੱਚੇ ਨਾਲ ਕੰਮ ਕਰਨਗੇ। ਇਹ ਸਵਾਲ ਪੁੱਛਣ, ਅਤੇ ਸੇਵਾ ਤੋਂ ਵਧੇਰੇ ਜਾਣੂੰ ਹੋਣ ਲਈ ਵੀ ਵਧੀਆ ਮੌਕਾ ਹੈ।

ਇਹ ਬੱਚਿਆਂ ਨੂੰ ਉਹਨਾਂ ਦੇ ਨਵੇਂ ਵਾਤਾਵਰਣ ਦੀ ਪੜਚੋਲ ਕਰਨ, ਅਮਲੇ ਨਾਲ ਰਿਸ਼ਤੇ ਦੀਆਂ ਸ਼ੁਰੂਆਤਾਂ ਨੂੰ ਸਥਾਪਤ ਕਰਨ, ਅਤੇ ਤੁਹਾਡੇ ਨੇੜੇ ਹੋਣ ਦੀ ਸੁਰੱਖਿਆ ਦੇ ਨਾਲ ਹੋਰਨਾਂ ਬੱਚਿਆਂ ਨੂੰ ਮਿਲਣ ਦੇ ਯੋਗ ਬਣਾਉਂਦਾ ਹੈ। ਇਹ ਦੇਖਣਾ ਕਿ ਤੁਹਾਡਾ ਬੱਚਾ ਵਾਤਾਵਰਣ ਦਾ ਹੁੰਗਾਰਾ ਕਿਵੇਂ ਭਰਦਾ ਹੈ ਤੁਹਾਨੂੰ ਬੇਹੱਦ ਲੋੜੀਂਦਾ ਪੁਨਰ-ਭਰੋਸਾ ਵੀ ਪ੍ਰਦਾਨ ਕਰ ਸਕਦਾ ਹੈ।



ਸੇਵਾਵਾਂ ਅਕਸਰ ਦਿਸ਼ਾਮਾਨ ਮੌਕੇ ਪਰਿਵਾਰਾਂ ਨੂੰ ਇਕ ਹੈਂਡਬੁੱਕ ਵੀ ਪ੍ਰਦਾਨ ਕਰਾਉਂਦੀਆਂ ਹਨ ਜੋ ਸੇਵਾ, ਅਮਲੇ, ਖੁੱਲ੍ਹਣ ਦੇ ਸਮਿਆਂ,ਬਾਰੇ ਜਾਣਕਾਰੀ ਅਤੇ ਅਜਿਹੇ ਮਸਲਿਆਂ ਬਾਰੇ ਨੀਤੀਆਂ ਨੂੰ ਉਜਾਗਰ ਕਰਦੀ ਹੈ ਜਿਵੇਂ ਕਿ ਛੁੱਟੀਆਂ, ਸਿਹਤ ਅਤੇ ਸੁਰੱਖਿਆ, ਬਿਮਾਰੀ ਦਾ ਪ੍ਰਬੰਧਨ ਕਰਨਾ, ਫੀਸਾਂ ਅਤੇ ਹੋਰ ਮਸਲੇ ਜੋ ਸੇਵਾ ਨਾਲ ਤੈਅ ਕੀਤੇ ਪ੍ਰਬੰਧਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

## ਕਿਹੜੀ ਚੀਜ਼ ਮੇਰੇ ਬੱਚੇ ਨੂੰ ਵਸਣ ਵਿੱਚ ਮਦਦ ਕਰੇਗੀ?

ਬੱਚਿਆਂ ਨੂੰ ਅਕਸਰ ਕਿਸੇ ਨਵੇਂ ਵਾਤਾਵਰਣ ਵਿੱਚ ਸਥਾਪਿਤ ਹੋਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖਾਸ ਕਰਕੇ ਜਦੋਂ ਉਹਨਾਂ ਨੂੰ ਪਰਿਵਾਰ ਜਾਂ ਜਾਣੇ-ਪਛਾਣੇ ਸੰਭਾਲ ਕਰਤਾਵਾਂ ਕੋਲੋਂ ਜੁਦਾ ਹੋਣਾ ਮੁਸ਼ਕਿਲ ਲੱਗਦਾ ਹੈ। ਹਰੇਕ ਬੱਚੇ ਦਾ ਹੁੰਗਾਰਾ ਅਤੇ ਉਹਨਾਂ ਵੱਲੋਂ ਸਥਾਪਿਤ ਲਈ ਲਏ ਗਏ ਸਮੇਂ ਦੀ ਲੰਬਾਈ ਵਿਅਕਤੀਗਤ ਬੱਚੇ ਅਤੇ ਉਹਨਾਂ ਦੇ ਪੁਰਾਣੇ ਤਜ਼ਰਬੇ 'ਤੇ ਨਿਰਭਰ ਕਰਦੀ ਹੈ। ਪਰ, ਕੁਝ ਰਣਨੀਤੀਆਂ ਹਨ ਜਿੰਨ੍ਹਾਂ ਦੀ ਵਰਤੋਂ ਪਰਿਵਾਰ ਅਤੇ ਸੇਵਾਵਾਂ ਬੱਚਿਆਂ ਨੂੰ ਸਫਲਤਾ ਨਾਲ ਸਥਾਪਿਤ ਹੋਣ ਵਿੱਚ ਸਹਾਇਤਾ ਕਰ ਕਰ ਸਕਦੀਆਂ ਹਨ।

ਪਰਿਵਾਰਾਂ ਨੂੰ ਨਿਮਨਲਿਖਤ ਸੁਝਾਅ ਸਹਾਇਕ ਲੱਗ ਸਕਦੇ ਹਨ ਜਦ ਉਹ ਸੇਵਾ ਵਿੱਚ ਸਥਾਪਿਤ ਹੋਣ ਜਾ ਰਹੇ ਆਪਣੇ ਬੱਚੇ ਦੀ ਸਹਾਇਤਾ ਕਰ ਰਹੇ ਹੁੰਦੇ ਹਨ:

- ਜੇ ਸੰਭਵ ਹੋਵੇ, ਤਾਂ ਤੁਹਾਡੇ ਕੰਮ ਜਾਂ ਪੜ੍ਹਾਈ ਦੀਆਂ ਵਚਨਬੱਧਤਾਵਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਰੰਭ ਕਰੋ ਅਤੇ ਤੁਹਾਡੇ ਬੱਚੇ ਨੂੰ ਸ਼ੁਰੂ ਵਿੱਚ ਮੁਕਾਬਲਤਨ ਛੋਟੇ ਦਿਨਾਂ ਦਾ ਤਜ਼ਰਬਾ ਲੈਣ ਦਿਓ, ਫੇਰ ਹੌਲੀ-ਹੌਲੀ ਸੇਵਾ ਵਿਖੇ ਉਹਨਾਂ ਵੱਲੋਂ ਬਿਤਾਏ ਗਏ ਸਮੇਂ ਨੂੰ ਵਧਾਓ।
- ਅਮਲੇ ਦੇ ਕਿਸੇ ਤਰਜੀਹੀ ਮੈਂਬਰ ਜਾਂ ਸਾਥੀ ਦੀ ਮੰਗ ਕਰੋ ਜਿਸ ਕੋਲ ਤੁਹਾਡੇ ਬੱਚੇ ਨੂੰ ਉਸ ਸਮੇਂ ਛੱਡਿਆ ਜਾ ਸਕਦਾ ਹੈ ਜਦ ਤੁਸੀਂ ਉਸਨੂੰ ਦਿਨ ਭਰ ਵਾਸਤੇ ਛੱਡ ਕੇ ਜਾਂਦੇ ਹੋ।
- ਤੁਹਾਡੇ ਚਲੇ ਜਾਣ ਤੋਂ ਪਹਿਲਾਂ ਕੁਝ ਸਮਾਂ ਆਪਣੇ ਬੱਚੇ ਨੂੰ ਕਿਸੇ ਮਨਪਸੰਦ ਕਿਰਿਆ ਵਿੱਚ ਲਗਾਉਣ ਲਈ ਖ਼ਰਚ ਕਰੋ।
- ਸੇਵਾ ਨੂੰ ਇਸ ਬਾਰੇ ਸੂਚਿਤ ਕਰੋ ਕਿ ਕਿਹੜੀ ਚੀਜ਼ ਤੁਹਾਡੇ ਬੱਚੇ ਨੂੰ ਹੌਸਲਾ ਦਿੰਦੀ ਹੈ ਅਤੇ ਇਸ ਬਾਰੇ ਵਿਚਾਰ ਕਰੋ ਕਿ ਤੁਸੀਂ ਉਹਨਾਂ ਕਿਰਿਆਵਾਂ ਜਾਂ ਦਿਨ ਦੇ ਸਮਿਆਂ ਦਾ ਪ੍ਰਬੰਧਨ ਕਿਵੇਂ ਕਰਦੇ ਹੋ ਜਦ ਤੁਸੀਂ ਉਸਨੂੰ ਵਿਟਰਦੇ ਹੋਏ ਦੇਖਦੇ ਹੋ। ਉਦਾਹਰਨ ਲਈ, ਕੀ ਤੁਹਾਡੇ ਬੱਚੇ ਨੂੰ ਹੌਸਲਾ ਦੇਣ ਵਾਲੀ ਕੋਈ ਚੀਜ਼ ਹੈ, ਜਿਵੇਂ ਕਿ ਕੋਈ ਖਿਡੌਣਾ ਜਾਂ ਕੰਬਲ ਜੋ ਉਹਨਾਂ ਨੂੰ ਉਸ ਸਮੇਂ ਵਰਾਉਣ ਵਿੱਚ ਮਦਦ ਕਰਦਾ ਹੈ ਜਦ ਉਹ ਵਿਟਰ ਜਾਂਦੇ ਹਨ?
- ਆਪਣੇ ਬੱਚੇ ਨੂੰ ਦਸੋ ਕਿ ਤੁਸੀਂ ਉਸ ਨੂੰ ਸੇਵਾ ਵਿਖੇ ਛੱਡਣ ਬਾਰੇ ਸੁਰੱਖਿਅਤ ਮਹਿਸੂਸ ਕਰਦੇ ਹੋ ਅਤੇ ਤੁਸੀਂ ਅਮਲੇ 'ਤੇ ਵਿਸ਼ਵਾਸ ਕਰਦੇ ਹੋ। ਵਿਸ਼ਵਾਸ ਨਾਲ 'ਗੁੱਡਬਾਏ' ਕਹੋ, ਅਤੇ ਉਸ ਨੂੰ ਮੁੜ-ਭਰੋਸਾ ਦੁਆਓ ਕਿ ਤੁਸੀਂ ਬਾਦ ਵਿੱਚ ਵਾਪਸ ਆ ਜਾਵੋਂਗੇ। ਹਾਲਾਂਕਿ ਉਸ ਸਮੇਂ ਚਲੇ ਜਾਣਾ ਲਲਚਾਊ ਹੋ ਸਕਦਾ ਹੈ ਜਦ ਉਹ ਖੁਸ਼ੀ ਨਾਲ ਕਿਸੇ ਖੇਡ ਵਿੱਚ ਰੁਝਿਆ ਹੋਵੇ , ਪਰ ਤੁਹਾਡੇ ਬੱਚੇ ਵਾਸਤੇ ਇਹ ਸਮਝਣਾ ਬਹੁਤ ਕਸ਼ਟਦਾਇਕ ਹੋ ਸਕਦਾ ਹੈ ਕਿ ਤੁਸੀਂ ਬਿਨਾਂ ਗੁੱਡਬਾਏ ਕਹੇ ਚਲੇ ਗਏ ਹੋ।
- ਤੁਹਾਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਤੁਸੀਂ ਕਿਸੇਂ ਵੀ ਸਮੇਂ ਇਹ ਦੇਖਣ ਲਈ ਸੇਵਾ ਨਾਲ ਸੰਪਰਕ ਕਰ ਸਕਦੇ ਹੋ ਕਿ ਤੁਹਾਡਾ ਬੱਚਾ ਕਿਸ ਤਰ੍ਹਾਂ ਵਿਚਰ ਰਿਹਾ ਹੈ, ਅਤੇ ਕਰਮਚਾਰੀਆਂ ਨੂੰ ਤੁਹਾਨੂੰ ਸੰਵੇਦਨਸ਼ੀਲ, ਈਮਾਨਦਾਰ ਪ੍ਰਤੀਕਰਮ ਪ੍ਰਦਾਨ ਕਰਨਾ ਚਾਹੀਦਾ ਹੈ।